103

ਜਗ ਬਾਣੀ

WEDNESDAY • 31.5.2017

# ਬੇਲਾ ਫਾਰਮੇਸੀ ਕਾਲਜ ਵਿਖੇ ਮਲਟੀਨੈਸ਼ਨਲ ਕੰਪਨੀਆਂ ਪਲੇਸਮੈਂਟ ਲਈ ਪਹੁੰਚੀਆਂ

ਸ੍ਰੀ ਚਮਕੌਰ ਸਾਹਿਬ, 30 ਮਈ (ਕੌਸ਼ਲ)— ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਆਫ ਫਾਰਮੇਸੀ ਬੇਲਾ ਵਿਖੇ ਪਲੇਸਮੈਂਟ ਲਈ ਆਈਆਂ ਮਲਟੀਨੈਸ਼ਨਲ ਕੰਪਨੀਆਂ ਲਾਇਰਾ ਲੈਬਾਰਟਰੀਜ਼ ਪ੍ਰਾ. ਲਿ., ਹਾਈਟੈੱਕ ਪ੍ਰਾ. ਲਿ. ਅਤੇ ਬੀ. ਆਰ. ਡੀ. ਮੈਡੀਲੈਬਸ ਦੇ ਬੱਦੀ ਤੋਂ ਆਈ ਮਾਹਿਰਾਂ ਦੀ ਟੀਮ ਨੇ ਬੀ. ਫਾਰਮ. ਅਤੇ ਐੱਮ. ਫਾਰਮ. ਫਾਈਨਲ ਸਾਲ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਇੰਟਰਵਿਊ ਕੀਤੀ।

ਇੰਟਰਵਿਊ ਵਿਚ ਲਾਇਰਾ ਲੈਬਾਰਟਰੀਜ਼ ਪ੍ਰਾ. ਲਿ. ਦੁਆਰਾ ਬੀ. ਫਾਰਮ. ਦੇ ਫਾਈਨਲ ਸਮੈਸਟਰ ਦੇ 3 ਵਿਦਿਆਰਥੀ ਸਤਨਾਮ ਸਿੰਘ, ਅਨੁਰਾਧਾ, ਹਰੀਸ਼ ਕੁਮਾਰ ਅਤੇ ਹਾਈਟੈੱਕ ਪ੍ਰਾ. ਲਿ. ਵਿਚ ਰੋਹਨ ਗੁਪਤਾ, ਜੋਤੀਕਾ ਗੁਪਤਾ ਤੇ ਰੀਆ ਸ਼੍ਰੀਵਾਸਤਵ ਦੀ ਚੋਣ ਇੰਟਰਵਿਊ ਦੇ 4 ਰਾਊਂਡਾਂ ਨੂੰ ਕੁਆਲੀਫਾਈ ਕਰਨ ਉਪਰੰਤ ਹੋਈ। ਇਸ ਤੋਂ ਇਲਾਵਾ ਬੀ. ਆਰ. ਡੀ. ਮੈਡੀਲੈਬਸ, ਬੱਦੀ ਵਿਚ ਬੀ. ਫਾਰਮੇਸੀ ਦੇ ਅੱਠਵੇਂ ਸਮੈਸਟਰ ਦੀ ਵਿਦਿਆਰਥਣ ਮਿਸ ਹਰਪ੍ਰੀਤ ਕੌਰ ਦੀ ਚੋਣ ਹੋਈ। ਸਮੂਹ ਕਾਲਜ ਪ੍ਰਬੰਧਕ ਕਮੇਟੀ ਅਤੇ ਡਾਇਰੈਕਟਰ-ਕਮ-ਮੈਂਬਰ ਸਕੱਤਰ ਡਾ. ਸੈਲੇਸ਼ ਸ਼ਰਮਾ ਨੇ ਚੁਣੇ ਗਏ ਵਿਦਿਆਰਥੀਆਂ ... ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਡਾ. ਸ਼ਰਮਾ ਨੇ ਕੰਪਨੀ ਤੋਂ ਆਏ ਹੋਏ ਮਾਹਿਰਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਮੈਂ ਆਸ ਕਰਦਾ ਹਾਂ ਕਿ ਭਵਿੱਖ ਵਿਚ ਵੀ ਇਸੇ ਤਰ੍ਹਾਂ ਤੁਹਾਡਾ ਸਹਿਯੋਗ ਸੰਸਥਾਂ ਨੂੰ ਮਿਲਦਾ ਰਹੇਗਾ। ਅੰਤ ਵਿਚ ਪਲੇਸਮੈਂਟ ਇੰਚਾਰਜ ਡਾ. ਸੈਲੇਸ਼ ਸ਼ਰਮਾ ਨੇ ਪਲੇਸਮੈਂਟ ਕਰਨ ਲਈ ਆਏ ਮਾਹਿਰਾਂ ਦਾ ਧੰਨਵਾਦ ਕੀਤਾ।



ਚੁਣੇ ਗਏ ਵਿਦਿਆਰਥੀ ਮਾਹਿਰਾਂ ਅਤੇ ਕਾਲਜ ਪ੍ਰਬੰਧਕਾਂ ਨਾਲ। (ਕੌਸ਼ਲ)